# ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਮੈਡੀਕਲ ਸਿੱਖਿਆ ਭਵਨ, ਪਲਾਟ ਨੰ-2, ਸੈਕਟਰ, 69, ਐਸ.ਏ.ਐਸ.ਨਗਰ, ਮੋਹਾਲੀ

ਸੇਵਾ ਵਿਖੇ,

ਵਾਇਸ ਚਾਂਸਲਰ,
ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ,
ਫਰੀਦਕੋਟ।

ਨੰ:5ਐਮ.ਈ.2.ਪੰ:-2021/17430
ਮਿਤੀ - 15/9/21

ਵਿਸ਼ਾ:- ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਅਤੇ ਉਹਨਾਂ ਨਾਲ ਹਸਪਤਾਲਾਂ ਵਿਚ ਟੈਕਨੀਕਲ/ਪੈਰਾ ਮੈਡੀਕਲ ਆਸਾਮੀਆਂ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ, ਫਰੀਦਕੋਟ ਰਾਹੀਂ ਭਰਨ ਸਬੰਧੀ।

-0-

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਆਪ ਨੂੰ ਲਿਖਿਆ ਜਾਂਦਾ ਹੈ ਕਿ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਅਤੇ ਇਹਨਾਂ ਨਾਲ ਲਗਦੇ ਹਸਪਤਾਲਾਂ ਵਿਚ ਟੈਕਨੀਕਲ ਨੇਚਰ/ਪੈਰਾ ਮੈਡੀਕਲ ਦੀਆਂ ਦੀ ਹੇਠ ਲਿਖਿਆਂ 03 ਅਸਾਮੀਆਂ ਨੂੰ ਉਹਨਾਂ ਦੇ ਸਾਹਮਣੇ ਦਰਸਾਈ ਵਿਦਿਅਕ ਯੋਗਤਾ ਅਤੇ ਤਜਰਬੇ ਦੇ ਆਧਾਰ ਤੇ ਅਰਜੀਆਂ ਮੰਗ ਕੇ ਲਿਖਤੀ ਪ੍ਰੀਖਿਆ ਲੈਣ ਉਪਰੰਤ ਹੇਠ ਦਰਸਾਏ ਕਰਾਇਟੇਰੀਏ ਅਨੁਸਾਰ ਯੋਗ ਉਮੀਦਵਾਰਾਂ ਦੀ ਮੈਰਿਟ ਸੂਚੀ ਕੈਟਾਗਰੀ ਵਾਇਜ ਤਿਆਰ ਕਰਕੇ ਭੇਜਣ ਦੀ ਖੇਚਲ ਕੀਤੀ ਜਾਵੇ :-

B.F.U.H.S., Faridkot
V.C. Office No. 2283
Date 27-09-2021

| Sr. No. | Name of the post | Pay scale level as per 7th central pay scales | Total posts | Minimum qualification & experience from a recognized University/ Institution : |
|---|---|---|---|---|
| 1 | Perfusionist | 6 | 1 | Cardiac Technology with 1-year experience BSc (perfusion Technology)/BSc (Cardiac Perfusion Technology) from a recognized University. |
| 2 | CSSD Supervisor | 6 | 2 | BSc (Microbiology or Medical Technology) with 8 years'experience in CSSD in a 200 Bedded Hospital<br>Or<br>Staff Nurse with 7 years experience in CSSD in a 200 Bedded Hospital<br>or<br>theatre Assistant Course with 9 years experience in CSSD in a 200 bedded Hospital. |
| | Total | | 03 | |

Scanned with CamScanner

1. ਇਹਨਾਂ ਅਸਾਮੀਆਂ ਲਈ ਰਾਖਵਾਂਕਰਣ ਹੇਠ ਲਿਖੇ ਅਨੁਸਾਰ ਹੈ।

| Sr. No. | Name of the post | Total posts | GEN | SC (M&B) |
|---|---|---|---|---|
| 1. | Perfusionist | 1 | 0 | 1 |
| 2. | CSSD Supervisor | 2 | 1 | 1 |
| | Total | 3 | | |

2. **ਸਲੈਕਸ਼ਨ ਕ੍ਰਾਈਟੀਰੀਆਂ:-**

ਇਹਨਾਂ ਅਸਾਮੀਆਂ ਲਈ 90 ਨੰਬਰ ਦੀ ਲਿਖਤੀ ਪ੍ਰੀਖਿਆ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇਸਿਜ ਵਲੋਂ ਲਈ ਜਾਵੇਗੀ ਅਤੇ 10 ਨੰਬਰ ਤਜਰਬੇ ਦੇ ਰਖੇ ਜਾਣਗੇ। ਜੋ ਕਿ ਇਕ ਨੰਬਰ ਪ੍ਰਤੀ ਸਾਲ ਦੇ ਹਿਸਾਬ ਨਾਲ, ਵੱਧ ਤੋਂ ਵੱਧ 10 ਨੰਬਰ, ਹੋਵੇਗਾ। ਇਹ ਤਜਰਬਾ ਕੇਵਲ ਪੰਜਾਬ ਸਰਕਾਰ ਨਾਲ ਕੀਤੀ ਸੇਵਾ ਦਾ ਹੋਣਾ ਚਾਹੀਦਾ ਹੈ ਅਤੇ ਇਹ ਸੇਵਾ ਆਊਟਸੋਰਸ ਆਧਾਰ ਤੇ/ਠੇਕਾ ਆਧਾਰ ਤੇ ਜਾਂ ਡੇਲੀਵੇਜਿਜ ਆਧਾਰ ਤੇ ਹੋ ਸਕਦੀ ਹੈ। ਇਸ ਤਰਾਂ ਇਹਨਾਂ ਅਸਾਮੀਆਂ ਲਈ ਚੋਣ ਕਰਾਇਟੇਰਿਆ ਹੇਠ ਲਿਖੇ ਅਨੁਸਾਰ ਹੋਵੇਗਾ:-

| ਲੜੀ ਨੰ: | ਵੇਰਵੇ | ਨੰਬਰ |
|---|---|---|
| 1 | ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਲਈ ਜਾਣ ਵਾਲੀ ਲਿਖਤੀ ਪ੍ਰੀਖਿਆ ਦੇ ਵੱਧ ਤੋਂ ਵੱਧ ਨੰਬਰ | ਵੱਧ ਤੋਂ ਵੱਧ 90 ਨੰਬਰ |
| 2 | ਤਜਰਬੇ ਦਾ ਇਕ ਨੰਬਰ ਪ੍ਰਤੀ ਸਾਲ ਦੇ ਹਿਸਾਬ ਨਾਲ, ਤਜਰਬੇ ਦੇ ਨੰਬਰ ਕੇਵਲ ਉਨੇ ਸਮੇਂ ਦੇ ਦਿੱਤੇ ਜਾਣਗੇ, ਜਿਹੜਾਂ ਸਮਾਂ ਅਸਾਮੀ ਲਈ ਲੋੜੀਂਦੇ ਲਾਜਮੀ ਤਜਰਬੇ ਨਾਲੋ ਵੱਧ ਹੋਵੇਗਾ। ਇਹ ਸੇਵਾ ਪੰਜਾਬ ਸਰਕਾਰ ਅਧੀਨ ਸੰਸਥਾਵਾਂ ਵਿਚ ਕੀਤੀ ਹੋਈ ਚਾਹੀਦੀ ਹੈ, ਭਾਵੇ ਠੇਕਾ ਆਧਾਰ/ਆਊਟਸੋਰਸ ਆਧਾਰ ਤੇ/ ਡੇਲੀਵੇਜਿਜ ਆਧਾਰ ਤੇ ਕੰਮ ਕਰਦੇ ਹੋਣ। | ਵੱਧ ਤੋਂ ਵੱਧ 10 ਨੰਬਰ |
| | **ਕੁਲ ਨੰਬਰ** | 100 |

2. ਇਹ ਵਿਗਿਆਪਨ ਹੇਠ ਲਿਖਿਆਂ ਸ਼ਰਤਾਂ ਤੇ ਹੀ ਹੋਵੇਗੀ :-

- ਬਿਨੈਕਾਰਾਂ ਨੂੰ ਦਸਵੀਂ ਪੱਧਰ ਤੱਕ ਪੰਜਾਬੀ ਪਾਸ ਹੋਣਾ ਲਾਜਮੀ ਹੋਵੇਗਾ।
- ਜਨਰਲ ਕੈਟਾਗਰੀ ਦੇ ਬਿਨੈਕਾਰਾਂ ਦੀ ਉਪਰਲੀ ਉਮਰ ਸੀਮਾ 37 ਸਾਲ ਅਤੇ ਅਨੁਸੂਚਿਤ ਜਾਤੀ./ਪੱਛੜੀਆਂ ਸ੍ਰੇਣੀਆਂ ਦੇ ਬਿਨੈਕਾਰਾਂ ਨੂੰ ਉਪਰਲੀ ਉਮਰ ਸੀਮਾ ਵਿੱਚ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਛੋਟ ਦਿੱਤੀ ਜਾਵੇਗੀ।
- ਇਹਨਾਂ ਆਸਾਮੀਆਂ ਲਈ ਰਾਖਵਾਂਕਰਨ ਪੰਜਾਬ ਸਰਕਾਰ ਦੀ ਸ਼ਰਤਾਂ ਅਨੁਸਾਰ ਹੋਵੇਗਾ ਅਤੇ ਪੰਜਾਬ ਸਰਕਾਰ ਦੀ ਨੋਟੀਫਿਕੇਸਨ ਨੰ: GSR87/Const./Arts.309 ਮਿਤੀ 21.10.2020 ਅਨੁਸਾਰ ਜਾਰੀ (The Punjab Civil Services (Reservations of Posts for Women) Rules, 2020 ਅਧੀਨ ਬਣਦਾ ਲਾਭ ਦਿੱਤਾ ਜਾਵੇਗਾ।
- ਸਰਕਾਰ ਦੀਆਂ ਹਦਾਇਤਾਂ ਨੂੰ 9/56/2020-5ਪੀ.ਪੀ.1/33 ਮਿਤੀ 12-01-2021 ਰਾਂਹੀਂ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਵਿੱਚ ਠੇਕੇ ਦੇ ਆਧਾਰ ਤੇ ਕੰਮ ਕਰ ਰਹੇ ਵੱਖ

Scanned with CamScanner

ਵੱਖ ਸ੍ਰੇਣੀਆਂ ਦੇ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਵਲੋਂ ਪੰਜਾਬ ਸਿਵਲ ਸੇਵਾਵਾਂ ( ਆਮ ਅਤੇ ਸਾਂਝੀਆਂ ਸਰਤਾਂ) ਨਿਯਮ 1994 ਦੇ ਨਿਯਮ 19 ਤਹਿਤ ਇੰਨਾਂ ਨਿਯਮਾਂ ਦੇ ਨਿਯਮ 5 ਅਤੇ 5-ਏ ਵਿੱਚ ਨਾਂ ਹਦਾਇਤਾਂ ਦੀ ਰੋਸਨੀ ਵਿੱਚ ਛੋਟ ਦਿੱਤੀ ਜਾਵੇਗੀ। ਇੰਨਾਂ ਹਦਾਇਤਾਂ ਦੀ ਕਾਪੀ ਨਥੀਂ ਹੈ। ਇਸ ਕੈਟਾਗਿਰੀ ਵਿੱਚ ਛੋਟ ਲੈਣ ਵਾਲੇ ਬਿਨੈਕਾਰਾਂ ਨੂੰ ਹਦਾਇਤਾਂ ਦੀ ਪਾਲਣਾ ਵਿੱਚ ਲੋੜੀਂਦਾ ਸਰਟੀਫਿਕੇਟ ਪੇਸ ਕਰਨਾ ਹੋਵੇਗਾ।

- ਇਹਨਾਂ ਆਸਾਮੀਆਂ ਲਈ ਅਪਲਾਈ ਕਰਨ ਵਾਲੇ ਬਿਨੈਕਾਰਾਂ ਦੀ ਯੋਗਤਾ ਅਤੇ ਤਜਰਬਾ ਅਰਜੀਆਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ ਤੱਕ ਹੀ ਮੰਨਿਆ ਜਾਵੇਗਾ।
- ਰਾਖਵੀਂਆਂ ਕੇਟਾਗਿਰੀਆਂ ਲਈ ਸਰਟੀਫਿਕੇਟ ਸਮਰੱਥ ਅਥਾਰਟੀ ਵਲੋਂ ਅਰਜੀਆਂ ਮੰਗਣ ਦੀ ਮਿਤੀ ਤੱਕ ਬਣਿਆ ਹੋਣਾ ਚਾਹੀਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਬਿਨੈਕਾਰ ਨੂੰ ਜਰਨਲ ਕੇਟਾਗਿਰੀ ਅਧੀਨ ਵਿਚਾਰਿਆ ਜਾਵੇਗਾ।
- ਇਹਨਾਂ ਆਸਾਮੀਆ ਲਈ ਪੰਜਾਬ ਸਰਕਾਰ ਵਲੋਂ ਨੋਟੀਫਾਈ ਪੰਜਾਬ ਸਿਵਲ ਸੇਵਾਵਾਂ ( ਸੇਵਾਵਾਂ ਦੀ ਆਮ ਸ਼ਰਤਾ) ਰੂਲਜ, 1994 ਦੀਆਂ ਸ਼ਰਤਾ ਲਾਗੂ ਹੋਣਗੀਆਂ।
- ਇਹਨਾਂ ਆਸਾਮੀਆਂ ਦਾ ਮੈਡੀਕਲ ਸਿਖਿਆ ਅਤੇ ਖੋਜ ਵਿਭਾਗ ਦਾ ਕਾਡਰ ਹੋਵੇਗਾ।
- ਵਿਭਾਗ ਵਲੋਂ ਬਿਨੈਕਾਰ ਦੇ ਯੋਗਤਾ ਦੇ ਦਸਤਾਵੇਜਾਂ ਦੀ ਪੜਤਾਲ ਕੀਤੀ ਜਾਵੇਗੀ। ਇਹਨਾਂ ਆਸਾਮੀਆਂ ਲਈ ਯੋਗਤਾ ਤੇ ਤਜਰਬਾ ਨਾ ਪੂਰਾ ਹੋਣ ਦੀ ਸੂਰਤ ਵਿਚ ਬਿਨੈਕਾਰ ਨੂੰ ਸਬੰਧਤ ਆਸਾਮੀ ਲਈ ਵਿਚਾਰਿਆ ਨਹੀਂ ਜਾਵੇਗਾ।
- ਇਹਨਾਂ ਅਸਾਮੀਆਂ ਲਈ ਤਜਰਬੇ ਦੇ ਨੰਬਰ ਕੇਵਲ ਉਨੇ ਸਮੇਂ ਦੇ ਦਿੱਤੇ ਜਾਣਗੇ, ਜਿਹੜਾਂ ਸਮਾਂ ਅਸਾਮੀ ਲਈ ਲੋੜੀਂਦੇ ਲਾਜਮੀ ਤਜਰਬੇ ਨਾਲੋ ਵੱਧ ਹੋਵੇਗਾ।
- ਇਹਨਾਂ ਅਸਾਮੀਆਂ ਨੂੰ ਕੇਂਦਰ ਸਰਕਾਰ ਦੇ ਸਤਵੇਂ ਤਨਖਾਹ ਕਮਿਸਨ ਅਨੁਸਾਰ ਤਨਖਾਹ ਦੀ ਅਦਾਇਗੀ ਕੀਤੀ ਜਾਵੇਗੀ ਅਤੇ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸਾਖਾ) ਦੇ ਪੱਤਰ ਨੰ: 7/204/2012-4ਐਫ.ਪੀ1/66 ਮਿਤੀ 15-01-2015 ਅਤੇ ਇਹਨਾਂ ਵਿੱਚ ਸਮੇਂ ਸਮੇਂ ਸਿਰ ਜਾਰੀ ਸੋਧਾਂ ਅਨੁਸਾਰ ਅਦਾਇਗੀ ਕੀਤੀ ਜਾਵੇਗੀ।
- ਇਹਨਾਂ ਅਸਾਮੀਆਂ ਦੀ ਗਿਣਤੀ ਲੋੜ ਅਨੁਸਾਰ ਵਧਾਈ ਜਾ ਘਟਾਈ ਜਾ ਸਕਦੀ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

Scanned with CamScanner